# ਸੁਰੱਖਿਅਤ ਕਰੋ
# ਦੇ ਖਿਲਾਫ਼
# ਖਸਰਾ




## ਕੀ ਤੁਹਾਡੇ 5 ਸਾਲ ਤੋਂ ਘੱਟ ਉਮਰ ਦੇ ਬੱਚੇ ਖਸਰੇ ਤੋਂ ਸੁਰੱਖਿਅਤ ਹਨ?

- ਖਸਰਾ ਖ਼ਤਰਨਾਕ ਹੋ ਸਕਦਾ ਹੈ, ਖਾਸ ਕਰਕੇ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ।
- ਇਹ ਬਹੁਤ ਤੇਜ਼ੀ ਨਾਲ ਫੈਲਦਾ ਹੈ ਅਤੇ ਗੰਭੀਰ ਮਾਮਲਿਆਂ ਵਿੱਚ ਨਮੂਨੀਆ ਅਤੇ ਦਿਮਾਗ ਦੀ ਲਾਗ ਹੋ ਸਕਦੀ ਹੈ।
- ਖਸਰੇ ਵਾਲੇ 10 ਵਿੱਚੋਂ 1 ਵਿਅਕਤੀ ਨੂੰ ਹਸਪਤਾਲ ਜਾਣ ਦੀ ਲੋੜ ਹੁੰਦੀ ਹੈ।
- ਬਹੁਤ ਘੱਟ ਮਾਮਲਿਆਂ ਵਿੱਚ, ਖਸਰਾ ਘਾਤਕ ਹੋ ਸਕਦਾ ਹੈ।
- ਪੂਰੀ ਤਰ੍ਹਾਂ ਸੁਰੱਖਿਅਤ ਰਹਿਣ ਲਈ ਤੁਹਾਡੇ ਬੱਚੇ ਨੂੰ ਖਸਰੇ ਦੀ ਵੈਕਸੀਨ ਦੀਆਂ ਦੋ ਖੁਰਾਕਾਂ ਦੀ ਲੋੜ ਹੁੰਦੀ ਹੈ।
- ਪਹਿਲੀ ਖੁਰਾਕ 12 ਮਹੀਨੇ ਅਤੇ ਦੂਜੀ ਖੁਰਾਕ 15 ਮਹੀਨਿਆਂ ਦੀ ਉਮਰ ਵਿੱਚ ਦਿੱਤੀ ਜਾਂਦੀ ਹੈ।
- ਜੇਕਰ ਤੁਹਾਡੇ ਬੱਚੇ ਦੀ ਉਮਰ 15 ਮਹੀਨਿਆਂ ਤੋਂ ਵੱਧ ਹੈ ਅਤੇ ਉਸ ਨੇ ਖਸਰੇ ਦੀ ਵੈਕਸੀਨ ਦੀਆਂ ਦੋਵੇਂ ਖੁਰਾਕਾਂ ਨਹੀਂ ਲਈਆਂ ਹਨ, ਤਾਂ ਆਪਣੇ ਡਾਕਟਰ ਜਾਂ ਨਰਸ ਨਾਲ ਗੱਲ ਕਰੋ।

## ਖਸਰਾ ਕੀ ਹੈ?

- ਖਸਰਾ ਇੱਕ ਵਾਇਰਲ ਲਾਗ ਹੈ ਜੋ ਬਹੁਤ ਛੂਤ ਵਾਲੀ ਹੈ।
- ਇਹ ਖੰਘਣ ਅਤੇ ਛਿੱਕਣ ਨਾਲ ਫੈਲਦਾ ਹੈ।
- ਲੱਛਣ ਆਮ ਤੌਰ 'ਤੇ ਤੇਜ਼ ਬੁਖਾਰ, ਖੰਘ, ਵਗਦਾ ਨੱਕ, ਅਤੇ ਲਾਲ ਪਾਣੀ ਵਾਲੀਆਂ ਅੱਖਾਂ ਨਾਲ ਸ਼ੁਰੂ ਹੁੰਦੇ ਹਨ, ਫਿਰ ਚਿਹਰੇ 'ਤੇ ਧੱਫੜ ਸ਼ੁਰੂ ਹੁੰਦੇ ਹਨ ਅਤੇ ਸਰੀਰ ਦੇ ਹੇਠਾਂ ਵੱਲ ਜਾਂਦੇ ਹਨ।

## ਖਸਰੇ ਦੀ ਵੈਕਸੀਨ ਕਿੰਨੀ ਅਸਰਦਾਰ ਹੈ?

- ਖਸਰੇ ਦਾ ਟੀਕਾਕਰਨ, ਜਿਸ ਨੂੰ MMR ਵੈਕਸੀਨ ਵੀ ਕਿਹਾ ਜਾਂਦਾ ਹੈ, ਬੱਚਿਆਂ ਨੂੰ ਤਿੰਨ ਵਾਇਰਲ ਲਾਗਾਂ ਖਿਲਾਫ਼– ਖਸਰਾ, ਕੰਨ ਪੇੜੇ ਅਤੇ ਰੁਬੇਲਾ ਤੋਂ ਬਚਾਉਂਦਾ ਹੈ।
- ਵੈਕਸੀਨ ਬਹੁਤ ਪ੍ਰਭਾਵਸ਼ਾਲੀ ਹੈ। ਇੱਕ ਖੁਰਾਕ ਤੋਂ ਬਾਅਦ, ਲਗਭਗ 95 ਪ੍ਰਤੀਸ਼ਤ ਲੋਕ ਖਸਰੇ ਤੋਂ ਸੁਰੱਖਿਅਤ ਹੁੰਦੇ ਹਨ ਅਤੇ ਦੋ ਖੁਰਾਕਾਂ ਤੋਂ ਬਾਅਦ 99 ਪ੍ਰਤੀਸ਼ਤ ਤੋਂ ਵੱਧ ਲੋਕ ਸੁਰੱਖਿਅਤ ਹੁੰਦੇ ਹਨ।

## ਮੈਨੂੰ ਇਹ ਕਿਵੇਂ ਪਤਾ ਲੱਗ ਸਕਦਾ ਹੈ ਕਿ ਮੇਰੇ ਬੱਚੇ ਦਾ ਖਸਰਾ ਟੀਕਾਕਰਨ ਹੋ ਗਿਆ ਹੈ?

- ਉਨ੍ਹਾਂ ਦੀ New Zealand Well Child Tamariki Ora (Plunket) ਕਿਤਾਬ ਵਿੱਚ ਦੇਖ ਕੇ ਜਾਂਚ ਕਰੋ ਕਿ ਕੀ ਤੁਹਾਡਾ ਬੱਚਾ ਆਪਣੇ ਟੀਕਿਆਂ ਬਾਰੇ ਅਪ ਟੂ ਡੇਟ ਹੈ ਜਾਂ ਨਹੀਂ। ਜਾਂ ਆਪਣੇ ਡਾਕਟਰ ਨਾਲ ਗੱਲ ਕਰੋ।


Te Kāwanatanga o Aotearoa
New Zealand Government

Te Whatu Ora
Health New Zealand

HP8227 | Measles under 5 – A5 Flyer | September 2022 | Punjabi

## ਕੀ ਖਸਰੇ ਦਾ ਟੀਕਾ ਲਗਵਾਉਣ ਦੇ ਕੋਈ ਮਾੜੇ ਪ੍ਰਭਾਵ ਹਨ?

- ਥੋੜ੍ਹੇ ਜਿਹੇ ਬੱਚਿਆਂ ਨੂੰ ਸਿਰ ਦਰਦ, ਬੁਖਾਰ, ਮਤਲੀ (ਬਿਮਾਰ ਮਹਿਸੂਸ ਹੋਣਾ) ਹੋ ਸਕਦਾ ਹੈ ਅਤੇ ਉਹ ਬਿਮਾਰ ਅਤੇ ਥਕਾਵਟ ਮਹਿਸੂਸ ਕਰ ਸਕਦੇ ਹਨ।
- ਕੁਝ ਬੱਚਿਆਂ ਵਿੱਚ ਧੱਫੜ ਪੈਦਾ ਹੋ ਸਕਦੇ ਹਨ।
- ਜ਼ਿਆਦਾਤਰ ਮਾੜੇ ਪ੍ਰਭਾਵ ਸਿਰਫ਼ ਇੱਕ ਜਾਂ ਦੋ ਦਿਨ ਰਹਿੰਦੇ ਹਨ।

## ਕੀ 5 ਸਾਲ ਤੋਂ ਵੱਧ ਉਮਰ ਦੇ ਬੱਚੇ ਨੂੰ ਖਸਰੇ ਦਾ ਟੀਕਾ ਲਗਾਇਆ ਜਾ ਸਕਦਾ ਹੈ ਜੇਕਰ ਉਹਨਾਂ ਨੇ ਪਹਿਲਾਂ ਹੀ ਇਹ ਟੀਕਾ ਨਹੀਂ ਲਗਾਇਆ ਹੈ?

- 5 ਸਾਲ ਤੋਂ ਵੱਧ ਉਮਰ ਦੇ ਲੋਕ, ਖਾਸ ਤੌਰ 'ਤੇ ਨੌਜਵਾਨ ਜੋ ਵੱਡੀ ਉਮਰ ਵਿੱਚ ਨਿਊਜ਼ੀਲੈਂਡ ਚਲੇ ਗਏ ਸਨ, ਹੋ ਸਕਦਾ ਹੈ ਕਿ ਉਹਨਾਂ ਦਾ ਖਸਰਾ ਟੀਕਾਕਰਨ ਅਜੇ ਤੱਕ ਨਹੀਂ ਹੋਇਆ ਹੋਵੇ।
- ਤੁਹਾਡਾ ਖਸਰਾ ਟੀਕਾਕਰਨ ਕਰਵਾਉਣਾ ਮਹੱਤਵਪੂਰਨ ਹੈ, ਭਾਵੇਂ ਤੁਹਾਡੀ ਉਮਰ ਕਿੰਨੀ ਵੀ ਕਿਉਂ ਨਾ ਹੋਵੇ, ਕਿਉਂਕਿ ਇਹ ਬਹੁਤ ਛੂਤ ਵਾਲਾ ਹੈ ਅਤੇ ਬਹੁਤ ਤੇਜ਼ੀ ਨਾਲ ਫੈਲਦਾ ਹੈ।
- ਜੇਕਰ ਤੁਸੀਂ ਯਕੀਨੀ ਨਹੀਂ ਹੋ ਕਿ ਤੁਸੀਂ ਖਸਰੇ ਦਾ ਟੀਕਾਕਰਨ ਕਰਵਾ ਲਿਆ ਹੈ ਤਾਂ ਆਪਣੇ ਡਾਕਟਰ ਨੂੰ ਪੁੱਛੋ।

## ਤੁਹਾਡੇ ਬੱਚੇ ਦੀ ਖਸਰੇ ਦੀ ਵੈਕਸੀਨ ਲਗਵਾਉਣਾ ਆਸਾਨ ਹੈ ਅਤੇ ਇਹ ਮੁਫ਼ਤ ਹੈ

- ਤੁਹਾਡਾ ਬੱਚਾ ਤੁਹਾਡੇ ਡਾਕਟਰ ਤੋਂ ਖਸਰੇ ਦਾ ਮੁਫਤ ਟੀਕਾਕਰਨ ਕਰਵਾ ਸਕਦਾ ਹੈ।
- ਕਈ ਫਾਰਮੇਸੀਆਂ ਖਸਰੇ ਦੀ ਵੈਕਸੀਨ ਵੀ ਪੇਸ਼ ਕਰਦੀਆਂ ਹਨ।



**ਵਧੇਰੇ ਜਾਣਕਾਰੀ ਲਈ ਆਪਣੇ ਡਾਕਟਰ, Well Child Tamariki Ora Nurse ਨਾਲ ਗੱਲ ਕਰੋ ਜਾਂ ਆਪਣੀ ਸਥਾਨਕ ਫਾਰਮੇਸੀ 'ਤੇ ਜਾਓ।**

**ਹੋਰ ਜਾਣਕਾਰੀ ਲਈ**
**www.health.govt.nz/children-measles**
**ਜਾਂ ਹੈਲਥਲਾਈਨ ਨੂੰ 0800 611 116'ਤੇ ਕਾਲ ਕਰੋ**